BRAMPTON

Media Release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ ਨੂੰ ਐਫ.ਸੀ.ਐਮ. ਦੇ 2020-2021 ਦੇ ਬੋਰਡ ਆਫ ਡਾਇਰੈਕਟਰਸ ਲਈ ਚੁਣਿਆ ਗਿਆ

ਬ੍ਰੈਂਪਟਨ, ਓਨਟੈਰੀਓ (15 ਅਕਤੂਬਰ, 2020) – ਅੱਜ, ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ (ਐਫ.ਸੀ.ਐਮ.) (Federation of Canadian Municipalities) (FCM) ਨੇ ਐਲਾਨ ਕੀਤਾ ਕਿ ਬ੍ਰੈਂਪਟਨ ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos) ਨੂੰ ਇੱਕ ਸਾਲ ਦੀ ਟਰਮ ਲਈ ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ ਬੋਰਡ ਆਫ ਡਾਇਰੈਕਟਰਸ (Federation of Canadian Municipalities Board of Directors) ਲਈ ਚੁਣਿਆ ਗਿਆ ਹੈ।

ਡਾਇਰੈਕਟਰ ਚੋਣਾਂ, 5-7 ਅਕਤੂਬਰ ਨੂੰ ਹੋਈਆਂ ਸਨ ਅਤੇ ਅੱਜ, ਐਫ.ਸੀ.ਐਮ. (FCM) ਦੀ ਸਾਲਾਨਾ ਜਨਰਲ ਮੀਟਿੰਗ (Annual General Meeting) ਵਿੱਚ ਇਹਨਾਂ ਦੀ ਪੁਸ਼ਟੀ ਕੀਤੀ ਗਈ।

ਐਫ.ਸੀ.ਐਮ., 1901 ਤੋਂ ਕੈਨੇਡਾ ਦੀ ਮਿਊਨਿਸਿਪਲ ਸਰਕਾਰ ਦੀ ਰਾਸ਼ਟਰੀ ਅਵਾਜ਼ ਰਹੀ ਹੈ। ਇਸਦੇ ਮੈਂਬਰਾਂ ਵਿੱਚ ਕੈਨੇਡਾ ਦੇ ਸ਼ਹਿਰਾਂ ਅਤੇ ਪੇਂਡੂ ਭਾਈਚਾਰਿਆਂ ਤੋਂ ਲੈ ਕੇ, ਉੱਤਰੀ ਭਾਈਚਾਰਿਆਂ ਅਤੇ 20 ਸੂਬਾਈ ਅਤੇ ਇਲਾਕੇ ਦੀਆਂ ਮਿਊਨਿਸਿਪਲ ਐਸੋਸੀਏਸ਼ਨਾਂ ਤੱਕ, ਹਰ ਆਕਾਰ ਦੀਆਂ 2,000 ਤੋਂ ਵੱਧ ਮਿਊਨਿਸਿਪਲਟੀਜ ਸ਼ਾਮਲ ਹਨ। ਇਕੱਠੇ ਮਿਲ ਕੇ, ਉਹ ਤਿੰਨੋਂ ਪਾਸਿਆਂ ਦੇ ਤਟਾਂ ਦੇ ਸਾਰੇ ਕੈਨੇਡਾ ਵਾਸੀਆਂ ਦੀ 90 ਪ੍ਰਤੀਸ਼ਤ ਅਬਾਦੀ ਦੀ ਨੁਮਾਇੰਦਗੀ ਕਰਦੇ ਹਨ। ਹਰ ਸਾਲ, ਪੂਰੇ ਕੈਨੇਡਾ ਦੇ ਮਿਊਨਿਸਿਪਲ ਲੀਡਰ, ਮੁੱਖ ਮੁੱਦਿਆਂ ਤੇ ਐਫ.ਸੀ.ਐਮ. ਦੀ ਨੀਤੀ ਤੈਅ ਕਰਨ ਲਈ ਇਕੱਠੇ ਹੁੰਦੇ ਹਨ।

ਬ੍ਰੈਂਪਟਨ ਦੀ ਸਿਟੀ ਕਾਉਂਸਿਲ (City Council) ਦੀਆਂ ਕਾਰਵਾਈਆਂ ਅਤੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ (Term of Council Priorities) ਤਿੰਨੋਂ ਪਾਸਿਆਂ ਦੇ ਤਟਾਂ ਦੀਆਂ ਕਈ ਕੈਨੇਡਿਅਨ ਮਿਊਨਿਸਿਪਲਟੀਜ ਦੀਆਂ ਤਰਜੀਹਾਂ ਨੂੰ ਦਰਸਾਉਂਦੀਆਂ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਪੁੱਜਣ ਯੋਗ ਘਰ, ਟ੍ਰਾਂਜ਼ਿਟ, ਜਲਵਾਯੂ ਸਬੰਧੀ ਕਾਰਵਾਈ, ਵੰਨ-ਸੁਵੰਨਤਾ ਦਾ ਜਸ਼ਨ ਮਨਾਉਣਾ ਅਤੇ ਐਂਟੀ-ਨਸਲਵਾਦ ਨੀਤੀ ਲਾਗੂ ਕਰਨਾ ਅਤੇ ਸੁਰੱਖਿਅਤ ਰੂਪ ਨਾਲ ਅਰਥਚਾਰੇ ਨੂੰ ਦੁਬਾਰਾ ਸ਼ੁਰੂ ਕਰਨ ਵਾਸਤੇ ਕਾਰੋਬਾਰੀਆਂ ਅਤੇ ਭਾਈਚਾਰਿਆਂ ਲਈ ਕੋਵਿਡ-19 (COVID-19) ਮਦਦ।

**ਹਵਾਲੇ**

"ਬ੍ਰੈਂਪਟਨ, ਪੇਂਡੂ ਟਾਊਨ ਤੋਂ, ਉਪਨਗਰ ਭਾਈਚਾਰੇ ਵਿੱਚ ਵਿਕਸਿਤ ਹੋਇਆ ਹੈ ਅਤੇ ਹੁਣ ਇਹ, ਕੈਨੇਡਾ ਵਿੱਚ ਨੌਵੀਂ ਸਭ ਤੋਂ ਵੱਡੀ ਮਿਊਨਿਸਿਪਲਟੀ ਦੇ ਤੌਰ ਤੇ ਇੱਕ ਜੋਸ਼ੀਲੇ ਸ਼ਹਿਰੀ ਕੇਂਦਰ ਵਿੱਚ ਬਦਲ ਰਿਹਾ ਹੈ। ਕਈ ਹੋਰ ਮਿਊਨਿਸਿਪਲਟੀਜ ਦੀ ਤਰ੍ਹਾਂ ਹੀ, ਉਸ ਸਫ਼ਰ ਵਿੱਚ ਅਸੀਂ ਚੁਣੌਤੀਆਂ ਦਾ ਸਾਮ੍ਹਣਾ ਕੀਤਾ ਹੈ ਅਤੇ ਹੁਣ ਵੀ ਕਰ ਰਹੇ ਹਾਂ ਪਰੰਤੂ ਅਸੀਂ ਇਸ ਦੌਰਾਨ ਬਹੁਤ ਕੁਝ ਸਿੱਖਿਆ ਹੈ। ਹੱਲ ਸਾਂਝੇ ਕਰਨ ਵਾਸਤੇ ਅਤੇ ਜਿਹਨਾਂ ਨਿਵਾਸੀਆਂ ਲਈ ਅਸੀਂ ਕੰਮ ਕਰਦੇ ਹਾਂ, ਉਹਨਾਂ ਦੀ ਹਿਮਾਇਤ ਕਰਨ ਲਈ ਪੂਰੇ ਦੇਸ਼ ਦੇ ਸਾਥੀ ਮਿਊਨਿਸਿਪਲ ਲੀਡਰਾਂ ਦੇ ਨਾਲ ਐਫ.ਸੀ.ਐਮ. ਦੇ ਬੋਰਡ ਦੀ ਸਦੱਸ ਹੋਣਾ ਸਨਮਾਨ ਅਤੇ ਵਿਸ਼ੇਸ਼ ਅਧਿਕਾਰ ਹੈ। ਮੈਂ ਮਿਹਨਤ ਕਰਨ ਲਈ ਅਤੇ ਉਹ ਸਭ ਕੁਝ ਕਰਨ ਲਈ ਉਤਸ਼ਾਹਿਤ ਹਾਂ. ਜੋ ਅਸੀਂ ਬ੍ਰੈਂਪਟਨ, ਸਾਡੇ ਸਾਰੇ ਟਾਊਨਾਂ ਅਤੇ ਸ਼ਹਿਰਾਂ ਦੀ ਹਿਮਾਇਤ ਲਈ ਕਰ ਸਕਦੇ ਹਾਂ। ਜਦੋਂ ਸਾਡੇ ਟਾਊਨ ਅਤੇ ਸ਼ਹਿਰ ਵਿਕਸਿਤ ਹੁੰਦੇ ਹਨ, ਤਾਂ ਸਾਡਾ ਦੇਸ਼ ਵਿਕਸਿਤ ਹੁੰਦਾ ਹੈ।"

– *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਕਈ ਸਾਲਾਂ ਤੱਕ ਐਫ.ਸੀ.ਐਮ. ਨੇ ਕੈਨੇਡਿਅਨ ਭਾਈਚਾਰਿਆਂ ਦੀ ਲੋੜਾਂ ਦੀ ਹਿਮਾਇਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਕਾਉਂਸਿਲ ਦੇ ਵੱਲੋਂ, ਮੈਨੂੰ ਮਾਣ ਹੈ ਕਿ ਕਾਉਂਸਲਰ ਸੈਨਟੋਸ ਨੂੰ ਇਸ ਪਦਵੀ ਤੇ ਸਾਡੇ ਸ਼ਹਿਰ ਲਈ ਕੰਮ ਕਰਨ ਵਾਸਤੇ ਚੁਣਿਆ ਗਿਆ ਹੈ। ਮੈਨੂੰ ਯਕੀਨ ਹੈ ਕਿ ਉਹਨਾਂ ਦੀ ਸੰਚਾਲਨ ਅਤੇ ਵਚਨਬੱਧਤਾ ਇਹ ਯਕੀਨੀ ਬਣਾਵੇਗੀ ਕਿ ਬ੍ਰੈਂਪਟਨ ਵਾਸੀਆਂ ਅਤੇ ਪੀਲ ਰੀਜਨ ਦੇ ਨਿਵਾਸੀਆਂ ਦੀ ਅਵਾਜ਼ ਸੁਣੀ ਜਾਵੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਜਿਹੇ ਨਤੀਜੇ ਪ੍ਰਦਾਨ ਕਰੇ, ਜੋ ਰੋਜ਼ਾਨਾ ਸਾਡੇ ਭਾਈਚਾਰੇ ਤੇ ਅਸਰ ਪਾਉਣ ਵਾਲੇ ਹੋਣ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

# BRAMPTON

**Media Release**

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca